ਸੇਵਾ ਵਿਖੇ,

ਸਕੱਤਰ ਸਾਹਿਬ,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਚੰਡੀਗੜ੍ਹ।

ਵਿਸ਼ਾ:- ਵਾਰਡ ਨੰਬਰ 7 ਅਤੇ 8 ਵਿੱਚ ਪਾਣੀ ਦੀ ਸਮਸਿਆ ਨੂੰ ਦੂਰ ਕਰਨ ਸਬੰਧੀ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਅਸੀ ਵਾਰਡ ਨੰਬਰ 7 ਤੇ 8, ਖਨੌਰੀ ਮੰਡੀ, ਤਹਿਸੀਲ ਮੂਨਕ, ਜਿਲ੍ਹਾ ਸੰਗਰੂਰ ਦੇ ਵਾਸਨੀਕ ਹਾਂ। ਇਹ ਕਿ ਸਾਡੇ ਵਾਰਡ ਵਿੱਚ ਪਾਣੀ ਦੀ ਬਹੁਤ ਸਮਸਿਆ ਹੈ। ਇਹ ਕਿ ਸਾਡੇ ਵਾਰਡ ਵਿੱਚ ਪਾਣੀ ਨਹੀਂ ਪਹੁੰਚ ਰਿਹਾ। ਜਿਸ ਕਾਰਨ ਅਸੀ 5-6 ਮਹੀਨਿਆ ਤੋਂ ਬਹੁਤ ਪਰੇਸ਼ਾਨ ਹੋ ਰਹੇ ਹਾਂ। ਇਸ ਲਈ ਪਾਣੀ ਦੀ ਸਮਸਿਆ ਨੂੰ ਦੇਖਦੇ ਹੋਏ ਸਾਡੇ ਵਾਰਡ ਵਿੱਚ ਪਾਣੀ ਦਾ ਬੋਰ ਕਰਵਾਇਆ ਜਾਵੇ ਅਤੇ ਸਾਡੇ ਵਾਰਡ ਵਿੱਚ ਪਾਣੀ ਦੀ ਪਾਇਪ ਲਾਇਨ ਪਹਿਲਾ 3 ਇੰਚ ਦੀ ਪਈ ਹੋਈ ਹੈ। ਜਿਸ ਕਾਰਨ ਸਾਡੇ ਵਾਰਡ ਵਿੱਚ ਪਾਣੀ ਨਹੀਂ ਆ ਰਿਹਾ। ਇਸ ਪਾਇਪ ਦੀ ਥਾਂ 6 ਇੰਚੀ ਪਾਇਪ ਲਾਇਨ ਪਾਈ ਜਾਵੇ ਅਤੇ ਪਾਣੀ ਦੀ ਸਮਸਿਆ ਨੂੰ ਦੂਰ ਕੀਤਾ ਜਾਵੇ। ਇਸ ਸਬੰਧੀ ਅਸੀ ਐਸ.ਡੀ.ਓ. ਸਾਹਿਬ, ਸੰਗਰੂਰ ਜੀ ਅਤੇ ਪ੍ਰਧਾਨ, ਨਗਰ ਪੰਚਾਇਤ, ਖਨੌਰੀ, ਕਾਰਜਕਾਰੀ ਇੰਜੀਨੀਅਰ, ਸੰਗਰੂਰ ਨੂੰ ਵੀ ਲਿਖ ਚੁੱਕੇ ਹਾਂ ਪਰੰਤੂ ਉਹਨਾਂ ਵੱਲੋਂ ਕੋਈ ਰਿਸਪੋਨਸ ਨਹੀਂ ਦਿੱਤਾ ਗਿਆ ਅਤੇ ਹੁਣ ਅਸੀ ਆਪ ਜੀ ਨੂੰ ਪੂਰਜੋਰ ਬੇਨਤੀ ਕਰਦੇ ਹੈ ਕਿ ਸਾਡੀ ਬੇਨਤੀ ਸਵੀਕਾਰ ਕੀਤੀ ਜਾਵੇ ਜੀ। ਆਪ ਜੀ ਦੀ ਬਹੁਤ ਮੇਹਰਬਾਨੀ ਹੋਵੇਗੀ।

ਧੰਨਵਾਦ ਸਹਿਤ।

ਆਪ ਜੀ ਦੇ ਵਿਸ਼ਵਾਸਪਾਤਰ,

ਨਾਲ ਨੱਥੀ :- ਪੱਤਰਾਂ ਦੀ ਕਾਪੀ

ਸਮੂਹ ਵਾਰਡਵਾਸੀ
ਵਾਸੀ ਵਾਰਡ ਨੰਬਰ 7, 8

Parveen Kumar

Rajesh Kumar Meenakshi

ਸਤੀਸ਼ ਕੁਮਾਰ ਅਮਰਜੀਤ ਸਿੰਘ

ਮੁਕੇਸ਼ ਰਾਣੀ

ਮਨਜੀਤ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**

**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 12285 ਮਿਤੀ: 10.7.18

ਉਪਰੋਕਤ ਦੀ ਨਕਲ ਸਮੇਤ ਸਹਿੱਲਗ ਮੁੱਖ ਇੰਜੀਨੀਅਰ(ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਰੂਲਾਂ ਅਨੁਸਾਰ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਬੰਧਤ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਉਸ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ ।

ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)